# ਵਿਲੱਖਣ ਸਮਰਥਾ ਵਾਲੇ ਵਿਦਿਆਰਥੀਆ ਲਈ

ਮਾਡਲ ਟੈਸਟ ਪੇਪਰ

## ਮੀਡੀਆ ਸਟਡੀਜ਼-XII

## 2020-21

ਸਮਾਂ: 3 ਘੰਟੇ

| | | |
|---|---|---|
| ਲਿਖਤੀ: | 80 | ਅੰਕ |
| ਅੰਦਰੂਨੀ ਮੁਲਾਂਕਣ: | 20 | ਅੰਕ |
| ਕੁੱਲ: | 100 | ਅੰਕ |

1. ਪ੍ਰਸ਼ਨ ਪੱਤਰ ਵਿੱਚ ਕੁੱਲ 38 ਪ੍ਰਸ਼ਨ ਹਨ ਜਿਨ੍ਹਾਂ ਵਿੱਚੋਂ 32 ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ।
2. ਭਾਗ-I ਵਿੱਚ ਦੋ ਅੰਕਾਂ ਵਾਲੇ 20 ਪ੍ਰਸ਼ਨ ਹਨ ਜਿਨ੍ਹਾਂ ਵਿੱਚ ਬਹੁ-ਚੋਣਵੇਂ ਅਤੇ ਵਸਤੂਨਿਸ਼ਠ ਪ੍ਰਸ਼ਨ ਸ਼ਾਮਲ ਹਨ ਜੋ ਕਿ ਸਾਰੇ ਹੀ ਲਾਜ਼ਮੀ ਹਨ।
3. ਭਾਗ- II ਵਿੱਚ ਤਿੰਨ ਅੰਕ ਵਾਲੇ 12 ਪ੍ਰਸ਼ਨ ਹਨ ਤੇ 08 ਹੱਲ ਕਰਨੇ ਜ਼ਰੂਰੀ ਹਨ। ਹਰ ਪ੍ਰਸ਼ਨ ਦਾ ਉੱਤਰ ਦੋ ਤੋਂ ਤਿੰਨ ਵਾਕਾਂ ਵਿੱਚ ਦਿੱਤਾ ਜਾ ਸਕਦਾ ਹੈ।
4. ਭਾਗ- III ਵਿੱਚ ਚਾਰ ਅੰਕਾਂ ਵਾਲੇ 6 ਪ੍ਰਸ਼ਨ ਹਨ ਤੇ 4 ਹੱਲ ਕਰਨੇ ਜ਼ਰੂਰੀ ਹਨ। ਹਰ ਪ੍ਰਸ਼ਨ ਦਾ ਉੱਤਰ ਚਾਰ ਤੋਂ ਪੰਜ ਵਾਕਾਂ ਵਿੱਚ ਦਿੱਤਾ ਜਾ ਸਕਦਾ ਹੈ।

## ਪ੍ਰਸ਼ਨ ਪੱਤਰ

## ਭਾਗ- I (20×2=40)

**ਨੋਟ: ਹੇਠ ਲਿਖੇ ਬਹੁ-ਚੋਣਵੇਂ ਉੱਤਰਾਂ ਵਿੱਚੋਂ ਸਹੀ ਲੱਭ ਕੇ ਦੱਸੋ:**

1. **ਕਿਹੜਾ ਅਖ਼ਬਾਰ ਪੰਜਾਬੀ ਦਾ ਪ੍ਰਥਮ ਅਖ਼ਬਾਰ ਮੰਨਿਆ ਜਾ ਸਕਦਾ ਹੈ?**
   (ੳ) ਰੋਜ਼ਾਨਾ ਅਜੀਤ (ਅ) ਗੁਰਮੁਖੀ ਅਖ਼ਬਾਰ
   (ੲ) ਸਪੋਕਸਮੈਨ (ਸ) ਪੰਜਾਬੀ ਟ੍ਰਿਬਿਊਨ
2. **ਹੇਠ ਲਿਖਿਆਂ ਵਿੱਚੋਂ ਕਿਹੜਾ ਇਲੈਕਟ੍ਰਾਨਿਕ ਮੀਡੀਆ ਨਾਲ ਵੀ ਸਬੰਧਤ ਹੈ?**
   (ੳ) ਮਿਡਲ (ਅ) ਫ਼ਰੰਟ ਪੇਜ
   (ੲ) ਐਂਕਰ (ਸ) ਅਖ਼ਬਾਰ
3. **'ਦ ਟ੍ਰਿਬਿਊਨ' ਦੇ ਮੌਜੂਦਾ ਐਡੀਟਰ ਕੌਣ ਹਨ?**
   (ੳ) ਹਰੀਸ਼ ਖਰੇ (ਅ) ਸਵਰਾਜ ਬੀਰ ਸਿੰਘ
   (ੲ) ਐੱਨ. ਰਾਮ (ਸ) ਰਾਮੇਸ਼ ਰਾਮਾਚੰਦਰਨ
4. **ਰਵੀਸ਼ ਕੁਮਾਰ ਕਿਹੜੇ ਟੀ.ਵੀ.ਚੈਨਲ ਨਾਲ ਸਬੰਧਤ ਹੈ?**
   (ੳ) ਆਜ ਤੱਕ (ਅ) ਨੈੱਟਵਰਕ 18
   (ੲ) ਇੰਡੀਆ ਟੀ.ਵੀ. (ਸ) ਐੱਨ.ਡੀ.ਟੀ.ਵੀ.
5. **zoom, ਹੇਠ ਲਿਖਿਆਂ ਵਿੱਚੋਂ ਕੀ ਹੈ?**
   (ੳ) ਸੋਸ਼ਲ ਮੈਸੇਜਿੰਗ ਸਾਈਟ (ਅ) ਵੀਡੀਓ ਕਾਨਫ਼ਰੰਸਿੰਗ ਐਪ
   (ੲ) ਕਿਤਾਬਾਂ ਵੇਚਣ ਲਈ ਸਾਈਟ (ਸ) ਇਨ੍ਹਾਂ ਵਿੱਚੋਂ ਸਾਰੇ ਹੀ

6. ਸੈੱਲ ਫ਼ੋਨ ਲਈ ਕਿਹੜਾ ਕਥਨ ਸਭ ਤੋਂ ਵੱਧ ਸਹੀ ਹੈ?

(ੳ) ਲੰਬਾ ਚੌੜਾ ਤੇ ਭਾਰਾ ਯੰਤਰ ਹੈ।

(ਅ) ਛੋਟਾ ਤੇ ਹੱਥ ਵਿੱਚ ਪੂਰਾ ਆਉਣ ਵਾਲਾ ਯੰਤਰ ਹੈ।

(ੲ) ਤਸਵੀਰਾਂ ਛਾਪਣ ਵਾਲਾ ਯੰਤਰ ਹੈ।

(ਸ) ਵੀਡੀਓ ਖੇਡਾਂ ਹੀ ਖੇਡਣ ਦਾ ਕੰਮ ਕਰਦਾ ਹੈ।

7. ਕਿਹੜੀ ਵੰਨਗੀ ਰਿਵਾਇਤੀ ਮੀਡੀਆ ਨਾਲ ਸਬੰਧਤ ਹੈ?

(ੳ) ਨੌਟੰਕੀ (ਅ) ਟੀ.ਵੀ.

(ੲ) ਅਖ਼ਬਾਰ (ਸ) ਯੂ-ਟਿਊਬ

8. ਕਿਹੜੀ ਫ਼ਿਲਮ ਨੌਜਵਾਨਾਂ ਦੇ ਵਿਦੇਸ਼ ਜਾਣ ਦੀ ਹੋੜ ਨਾਲ ਸਬੰਧਤ ਹੈ?

(ੳ) ਨਾਬਰ (ਅ) ਉੜਤਾ ਪੰਜਾਬ

(ੲ) ਦੇਸ ਹੋਇਆ ਪਰਦੇਸ (ਸ) ਪੀਪਲੀ ਲਾਈਵ

9. ਕਿਹੜੀ ਕਿਸਮ ਇਸ਼ਤਿਹਾਰਬਾਜ਼ੀ ਨਾਲ ਸਬੰਧਤ ਨਹੀਂ ਹੈ?

(ੳ) ਕਲਾਸੀਫ਼ਾਈਡ (ਅ) ਡਿਸਪਲੇਅ

(ੲ) ਕਲਾਸਿਕ (ਸ) ਡਿਸਪਲੇ-ਕਲਾਸੀਫ਼ਾਈਡ

10. ਭਾਰਤੀ ਸਿਨੇਮਾਂ ਦੀ ਪਹਿਲੀ ਫ਼ਿਲਮ ਹੇਠ ਲਿਖਿਆਂ ਵਿੱਚੋਂ ਕਿਹੜੀ ਹੈ?

(ੳ) ਜਨੂੰਨ (ਅ) ਏਕ ਓਂਕਾਰ

(ੲ) ਰਾਜਾ ਹਿੰਦੋਸਤਾਨੀ (ਸ) ਰਾਜਾ ਹਰੀਸ਼ਚੰਦਰ

ਨੋਟ: ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਵਿੱਚ ਦਿਓ:-

11. ਪੀ.ਟੀ.ਆਈ ਦਾ ਪੂਰਾ ਨਾਮ ਕੀ ਹੈ?

12. ਭਾਰਤ ਦਾ ਪਹਿਲਾ ਅਖ਼ਬਾਰ ਕਿਹੜਾ ਹੈ?

13. ਫ਼ਿਲਮ ਮੜ੍ਹੀ ਦਾ ਦੀਵਾ ਵਿੱਚ ਜਗਸੀਰ ਦਾ ਰੋਲ ਕਿਸ ਅਦਾਕਾਰ ਨੇ ਕੀਤਾ ਸੀ?

14. ਮਨੋਰੰਜਕ ਜਾਣਕਾਰੀ **(infotainment)** ਦੇਣ ਵਾਲੇ ਕਿਸੇ ਟੀ.ਵੀ.ਚੈਨਲ ਦਾ ਨਾਂ ਲਿਖੋ।

15. ਚੰਡੀਗੜ੍ਹ ਤੋਂ ਛਪਦੇ ਕਿਸੇ ਇੱਕ ਪੰਜਾਬੀ ਰੋਜ਼ਾਨਾ ਅਖ਼ਬਾਰ ਦਾ ਨਾਮ ਲਿਖੋ।

ਨੋਟ: ਖਾਲੀ ਥਾਵਾਂ ਭਰੋ:

16. ਜਗਜੀਤ ਸਿੰਘ ਅਨੰਦ ਤੇ ਜਤਿੰਦਰ ਪੰਨੂ ਅਖ਼ਬਾਰ..................ਨਾਲ ਜੁੜੇ ਨਾਮ ਹਨ।

17. ਐੱਸ.ਐੱਮ.ਐੱਸ. ਤੋਂ ਕੀ ਭਾਵ ਹੈ; ................ਮੈਸੇਜ ਸਰਵਿਸ।

18. ਪੱਤਰਕਾਰੀ ਨਾਲ ਸਬੰਧਤ ਇੱਕ ਹਿੰਦੀ ਫ਼ਿਲਮ ਦਾ ਨਾਂ..................ਹੈ।

19. ਪੰਜਾਬੀ ਦੇ ਇੱਕ ਖੇਡ ਪੱਤਰਕਾਰ/ਮੀਡੀਆਕਾਰ ਦਾ ਨਾਂ..................ਹੈ।

20. ਕਾਲਮ-ਸੈਂਟੀਮੀਟਰ,..............ਮੀਡੀਆ ਵਿਚਲੇ ਇਸ਼ਤਿਹਾਰਾਂ ਦੀ ਮਿਣਤੀ ਕਰਨ ਵਾਲੀ ਇਕਾਈ ਹੈ।

## ਭਾਗ–II

(8×3=24)

ਨੋਟ: ਕੋਈ ਅੱਠ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ। ਹਰ ਉੱਤਰ ਤਿੰਨ ਵਾਕਾਂ ਤੋਂ ਵੱਧ ਨਾ ਰੱਖਿਆ ਜਾਵੇ।

21. ਸੋਸ਼ਲ ਮੀਡੀਆ ਦੇ ਕਿਸੇ ਤਿੰਨ ਸਾਧਨਾਂ ਦੇ ਨਾਮ ਲਿਖੋ।
22. ਤਿੰਨ ਪੰਜਾਬੀ ਇਸਤਰੀ ਸਾਹਿਤਕਾਰਾਂ ਦੇ ਨਾਮ ਲਿਖੋ।
23. ਗਿਆਨ ਜਾਂ ਪ੍ਰੋਫ਼ੈਸਰ ਗੁਰਮੁੱਖ ਸਿੰਘ ਕੌਣ ਸਨ?
24. ਜਲੰਧਰ ਤੋਂ ਪ੍ਰਕਾਸ਼ਤ ਹੁੰਦੇ ਤਿੰਨ ਪੰਜਾਬੀ ਅਖ਼ਬਾਰਾਂ ਦੇ ਨਾਮ ਲਿਖੋ।
25. ਕੋਈ ਤਿੰਨ ਅੰਗਰੇਜ਼ੀ ਖ਼ਬਰ ਚੈਨਲਾਂ ਦੇ ਨਾਮ ਲਿਖੋ।
26. ਰੇਡੀਓ ਦੇ ਅਖ਼ਬਾਰਾਂ ਦੇ ਮੁਕਾਬਲੇ ਕੋਈ ਤਿੰਨ ਵੱਖਰੇ ਗੁਣਾਂ ਦੀ ਵਿਆਖਿਆ ਲਿਖੋ।
27. ਅਖ਼ਬਾਰਾਂ ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ ਤੇ ਸਪੋਕਸਮੈਨ ਦੇ ਛਪਣ ਸਥਾਨਾਂ ਦੇ ਨਾਂ ਲਿਖੋ।
28. ਟੈਲੀਵਿਜ਼ਨ ਉੱਤੇ ਵਿਖਾਏ ਜਾਂਦੇ ਕੋਈ ਤਿੰਨ ਹਾਸਰਸ ਪ੍ਰੋਗਰਾਮਾਂ ਦੇ ਨਾਮ ਦੱਸੋ।
29. **U.N.I, I.I.M.C. ਤੇ F.T.I.I.** ਦੇ ਪੂਰੇ-ਪੂਰੇ ਨਾਂ ਲਿਖੋ।
30. ਸੈੱਲ ਫ਼ੋਨ ਦੇ ਕੋਈ ਤਿੰਨ ਸਾਰਥਕ ਗੁਣ ਦੱਸੋ।
31. ਮੀਡੀਆ ਵਿੱਚ ਇਸ਼ਤਿਹਾਰਬਾਜ਼ੀ ਦੇ ਕੋਈ ਸਮਾਜਿਕ ਨੁਕਸਾਨ ਵੀ ਹੋ ਸਕਦੇ ਹਨ? ਲਿਖੋ।
32. ਫੇਸਬੁੱਕ ਜਾਂ ਇੰਸਤਾਗ੍ਰਾਮ ਦੀ ਕਿਹੋ ਜਿਹੀ ਵਰਤੋਂ ਸਮਾਜ ਲਈ ਨੁਕਸਾਨਦੇਹ ਹੋ ਸਕਦੀ ਹੈ?

## ਭਾਗ–III

(4×4=16)

ਨੋਟ: ਕਈ ਚਾਰ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ। ਹਰ ਉੱਤਰ ਚਾਰ ਤੋਂ ਪੰਜ ਵਾਕਾਂ ਵਿੱਚ ਹੀ ਰੱਖਿਆ ਜਾਵੇ।

33. ਆਮ ਲੋਕਾਂ ਨੂੰ ਕੋਵਿਡ-19 ਬਾਰੇ ਜਗਰੂਕ ਕਰਨ ਵਿੱਚ ਮੀਡੀਆ ਦੀ ਭੂਮਿਕਾ ਬਾਰੇ ਚਰਚਾ ਕਰੋ।
34. ਪੰਜਾਬੀ ਸਿਨੇਮਾਂ ਦੀਆਂ ਪ੍ਰਮੁੱਖ ਪ੍ਰਾਪਤੀਆਂ ਬਾਰੇ ਚਰਚਾ ਕਰੋ।
35. ਪੰਜਾਬ ਵਿੱਚ ਹਿੰਦੀ ਅਤੇ ਪੰਜਾਬੀ ਪੱਤਰਕਾਰੀ ਦੀਆਂ ਦੋ-ਦੋ ਵਿਸ਼ੇਸ਼ਤਾਵਾਂ ਲਿਖੋ।
36. ਪੰਜਾਬ ਦੇ ਵਿਕਾਸ ਵਿੱਚ ਅੰਗਰੇਜ਼ੀ ਤੇ ਪੰਜਾਬੀ ਪੱਤਰਕਾਰੀ ਵੱਲੋਂ ਪਾਏ ਗਏ ਯੋਗਦਾਨ ਦਾ ਮੁਕਾਬਲਾ ਕਰੋ।
37. ਪੰਜਾਬ ਦੀਆਂ ਕਿਸੇ ਚਾਰ ਪ੍ਰਚੱਲਤ ਅਖ਼ਬਾਰਾਂ ਦੇ ਸੰਪਾਦਕਾਂ/ਮੁੱਖ ਸੰਪਾਦਕਾਂ ਦੇ ਨਾਂ ਲਿਖੋ।
38. ਭਾਰਤੀ ਪੱਤਰਕਾਰੀ ਦੇ ਇਤਿਹਾਸ ਵਿੱਚ ਰਾਜਾ ਰਾਮਮੋਹਨ ਰਾਏ ਦਾ ਕੀ ਰੋਲ ਸੀ? ਸੰਖੇਪ ਵਿੱਚ ਦੱਸੋ।